

ਮਲਕੀਤ ਜੌੜਾ
+91 98725-34278

## 1. ਐਕਸ-ਰੇ ਤੇ ਸਕੈਨਿੰਗ

ਐਕਸ-ਰੇ ਤੇ ਸਕੈਨਿੰਗ ਮਸ਼ੀਨਾਂ ਲੈ ਰਹੇ ਹੁੰਦੇ ਨੇ

ਬੰਦੇ ਦੇ ਅੰਦਰ ਦੀਆਂ ਫੋਟਾਂ ਜਦੋਂ

ਉਦੋਂ ਖਿਆਲ, ਸਵਾਲ, ਇੱਛਾਵਾਂ, ਭਾਵਨਾਵਾਂ

ਬਚਣ ਦਾ ਯਤਨ ਕਰਦੇ

ਦੌੜਦੇ- ਭੱਜਦੇ

ਕੁਝ ਕੁ ਐਕਸ-ਰੇ ਤੇ ਸਕੈਨਿੰਗ ਮਸ਼ੀਨ ਦੇ ਅੱਗੇ

ਬੇਵੱਸ ਹੁੰਦੇ ਫਸ ਜਾਂਦੇ ਨੇ

ਉਹਨਾਂ ਦੀਆਂ ਕਿਰਨਾਂ ਵਿੱਚ

ਉਹ ਜੋ ਕਾਲੇ-ਕਾਲੇ

ਛੋਟੇ-ਵੱਡੇ ਆਕਾਰ ਬਣੇ ਹੁੰਦੇ ਨੇ ਨਾ

ਫਿਲਮ ਦੇ ਉੱਪਰ

ਅਸਲ ਵਿੱਚ

ਉਹ ਬੰਦੇ ਦੇ ਖਿਆਲ, ਸਵਾਲ ਅਤੇ ਭਾਵਨਾਵਾਂ ਹੀ ਹੁੰਦੇ ਨੇ

ਜਿਹਨਾਂ ਨੂੰ ਕਵੀ ਹੀ ਪੜ੍ਹ ਸਕਦੇ ਨੇ

ਡਾਕਟਰ ਕਵੀ ਨਹੀਂ ਹੁੰਦੇ

ਉਹ ਤਾਂ ਐਕਸ-ਰੇ ਤੇ ਸਕੈਨਾਂ ਦੇ ਸਲਾਹਕਾਰ ਹੁੰਦੇ ਨੇ

ਸਲਾਹਕਾਰਾਂ ਕੋਲ ਮਸ਼ਵਰੇ ਹੁੰਦੇ ਨੇ

ਮਸ਼ਵਰੇ ਸਾਲਟਾਂ ਨਾਲ ਪ੍ਰਵਾਨ ਅਪ੍ਰਵਾਨ ਹੁੰਦੇ ਨੇ।

## 2. ਅਤੀਤ ਦੀਆਂ ਨਜ਼ਰਾਂ

ਅੱਠ ਫੁੱਟ ਕੱਦ ਨਾਲ ਹੋਂਦ ਵਿੱਚ ਆਏ

ਤਿੰਨ ਫੁੱਟ ਰਹਿ ਗਏ

ਸਮੇਂ ਦੇ ਨਾਲ ਸੱਭਿਅਤਾ ਦਾ ਸ਼ਿਕਾਰ ਹੋਏ ਕੌਲੇ

ਅੱਜ ਆਪਣੀ ਕਥਾ ਆਪ ਬਿਆਨ ਕਰ ਰਹੇ ਨੇ

ਦੋਵੇਂ ਪਾਸੇ

ਦੋਹਾਂ ਕੌਲਿਆਂ ਉੱਤੇ ਉਕਰੀਆਂ ਹੋਈਆਂ

ਘਰ ਦੀਆਂ ਪਹਿਰੇਦਾਰ

ਜ਼ਮੀਨਦੋਜ਼ ਹੋ ਗਈਆਂ ਅੱਖਾਂ

ਮੇਰੀਆਂ ਅੱਖਾਂ ਵਿੱਚ ਵਸੀਆਂ

ਬਦਲਦੇ ਵਕ਼ਤ ਨੂੰ ਦੇਖ ਰਹੀਆਂ ਨੇ

ਕਦੋਂ ਬਣ ਗਿਆ

ਹੱਸਦਾ ਵੱਸਦਾ ਘਰ

ਵਾਧੂ ਘਾਟੂ ਸਮਾਨ ਲਈ ਕਵਾੜਖਾਨਾ

ਅਤੇ ਡੰਗਰਖਾਨਾ

ਬੰਦਿਆਂ ਨੂੰ ਤਰਸਦੀਆਂ ਕੰਧਾਂ

ਜਿਉਂਣ ਦਾ ਹੌਂਸਲਾ ਛੱਡ ਬੈਠੀਆਂ

ਪਤਾ ਹੀ ਨਹੀਂ ਲੱਗਿਆ

ਬੂਹੇ ਦੀ ਚੁਗਾਠ ਕਦੋਂ

ਮੱਥੇ ਦੇ ਰੋੜ ਦਾ ਕਾਰਨ ਬਣ ਗਈ

ਸਮੁੰਦਰ ਵਿੱਚ ਡਿੱਗੀਆਂ ਛਿੱਟਾਂ ਵਾਂਗ

ਇੱਕ-ਇੱਕ ਕਰਕੇ ਤਰੀਕਾਂ ਵਿੱਚ

ਤਾਰੀਖ਼ ਹੋ ਗਏ

ਘਰ ਦੇ ਜੀਆਂ ਦੇ ਜੀਅ

ਸੱਭਿਅਤਾ ਦੇ ਹਾਣ ਦੇ ਹੁੰਦੇ-ਹੁੰਦੇ

ਅਤੀਤ ਦੀਆਂ ਨਜ਼ਰਾਂ ਵਿੱਚ ਬੌਣੇ ਹੋ ਗਏ।

### 3. ਕਲਾ ਤੇ ਕਰਮ

ਕੋਈ ਪੱਥਰ ਘੜਦਾ ਹੈ

ਕੋਈ ਲੱਕੜ ਘੜਦਾ ਹੈ

ਇਹ ਕਰਮ ਸਹਿਜ ਸੁਭਾਅ ਨਹੀਂ ਹੁੰਦਾ

ਨਾ ਹੀ ਅਵੇਸਲੇਪਨ ਦਾ ਫਲ ਹੁੰਦਾ ਹੈ

ਬਣਿਆ ਹੁੰਦਾ ਹੈ ਜ਼ਿਹਨ ਵਿੱਚ ਇੱਕ ਰੂਪ

ਉਸ ਰੂਪ ਦੇ ਕਿੰਨੇ ਸਾਰੇ ਛੋਟੇ-ਛੋਟੇ ਰੂਪ

ਰੂਪ ਸਮੂਰਤ ਹੁੰਦੇ ਨੇ

ਕਲਾ ਤੇ ਕਰਮ ਦੇ ਸੁਮੇਲ ਵਿੱਚੋਂ

ਸ਼ੌਕ ਦੇ ਨਾਲ-ਨਾਲ ਢਿੱਡ ਦਾ ਮਸਲਾ ਵੀ ਹੁੰਦਾ ਹੈ

ਇਹਨਾਂ ਵਿੱਚੋਂ ਹੀ ਜਨਮ ਲੈਂਦੀ ਹੈ

ਕਲਾਸਿਕ ਵਸਤੂ

ਉਹ ਵਸਤੂ ਕਿਸੇ ਦੀ ਅਰਾਧਨਾ

ਕਿਸੇ ਦੀਆਂ ਅੱਖਾਂ ਦੇ ਸੁਹਜ ਦਾ ਨੂਰ ਬਣਦੀ ਹੈ

ਕਿਸੇ ਦੇ ਮਨ ਦੀ ਸ਼ਾਂਤੀ ਤੇ ਖੁਸ਼ੀ ਜ਼ਰੂਰ ਬਣਦੀ ਹੈ।

### ੫. ਨਨਕਾਣਾ ਸਾਹਿਬ

ਵਗ ਹਵਾਏ ਵਗ

ਹੋ ਕੇ ਠੰਡੀ-ਠੰਡੀ

ਲਹਿੰਦੇ ਵੱਲ ਨੂੰ ਵਗ

ਵਿਛੜੇ ਭੈਣ-ਭਰਾਵਾਂ

ਮਾਤਾਵਾਂ ਦੇ ਸੀਨੇ ਜਾ ਕੇ ਲੱਗ

ਵਗ ਹਵਾਏ ਵਗ

ਸਰਹੱਦ ਤੇ ਖੜ੍ਹ ਕੇ ਪਤੰਗ ਚੜਾਉਂਣੀ

ਨਨਕਾਣਾ ਸਾਹਿਬ ਪਹੁੰਚਾਉਣੀ

ਸੱਤ ਵਾਰੀ ਕੰਨੀ ਮਰਵਾਉਣੀ

ਹਰ ਵਾਰੀ ਹੈ ਸੀਸ ਝੁਕਾਉਣਾ

ਹਰੇ, ਕੇਸਰੀ ਰੰਗਾਂ ਦੇ ਨਾਲ ਪਿਆਰ ਪਹੁੰਚਾਉਣਾ

ਸ਼ਬਦਾਂ ਵਿੱਚ ਮੁਹੱਬਤ ਭਰ ਕੇ

ਪਾਸਾ ਇਕ  ਕਰ ਕੇ

ਅੱਗ ਦੇ ਸਾਰੇ ਪੱਤਣ ਤਰ ਕੇ

ਪਿਆਸੇ ਦਿਲਾਂ ’ਤੇ

ਬੱਦਲੀ  ਬਣ ਕੇ ਵਰ੍ਹ

ਸੰਨ 47 ਤੋਂ ਪਹਿਲਾਂ ਵਾਲਾ ਮਾਹੌਲ ਬਣਾਉਣਾ

ਸੀਨੇ ਵਿਚਲਾ

ਹਿਜਰਾਂ ਦਾ ਹੈ ਦਰਦ ਮੁਕਾਉਣਾ

ਬਾਬੇ ਨਾਨਕ ਦੇ ਪੈਰਾਂ ਦੀਆਂ ਪੈੜਾਂ ਦੀ ਛੋਹ

ਸਰਬ ਲੁਕਾਈ

ਬਾਬੇ ਦੀ ਹਸਤੀ ਨੂੰ ਕਰਦੀ ਏ ਮੋਹ

ਵਗ ਹਵਾਏ ਵਗ

ਹੋ ਕੇ ਠੰਡੀ-ਠੰਡੀ

ਲਹਿੰਦੇ ਵੱਲ ਨੂੰ ਵਗ ।